**16ਵੀਂ ਵਿਧਾਨ ਸਭਾ**

**ਤੀਜਾ ਸਮਾਗਮ**

**ਪੰਜਾਬ ਵਿਧਾਨ ਸਭਾ**

ਬੁਲੇਟਿਨ ਨੰ: 3

ਸ਼ੁੱਕਰਵਾਰ, 30 ਸਤੰਬਰ, 2022

(11:00 ਵਜੇ ਪੂਰਵ ਦੁਪਹਿਰ ਤੋਂ 12:15 ਵਜੇ ਬਾਅਦ ਦੁਪਹਿਰ ਤੱਕ)

## I. ਜ਼ੀਰੋ ਆਵਰ ਦੌਰਾਨ ਮੈਂਬਰਾਂ ਦਾ ਵਿਵਹਾਰ ਅਤੇ ਸਦਨ ਤੇ ਚੇਅਰ ਦਾ ਮਾਣ ਬਣਾਈ ਰੱਖਣ ਸਬੰਧੀ ਪ੍ਰੇਖਣ

ਮਾਨਯੋਗ ਸਪੀਕਰ ਨੇ ਪ੍ਰੇਖਣ ਕੀਤਾ ਕਿ ਜ਼ੀਰੋ ਆਵਰ ਵਿੱਚ ਹਰ ਇੱਕ ਮੈਂਬਰ ਨੇ ਇੱਕੋ ਹੀ ਗੱਲ ਰੱਖਣੀ ਹੁੰਦੀ ਹੈ। ਇਹ ਆਪਣੀ ਹੀ ਜ਼ਿੰਮੇਵਾਰੀ ਹੁੰਦੀ ਹੈ ਕਿ ਅਸੀਂ ਇਸ ਹਾਊਸ ਦਾ ਮਾਣ ਰੱਖੀਏ, ਚੇਅਰ ਦਾ ਮਾਣ ਰੱਖੀਏ। ਇਹ ਸਾਡੀ ਹੀ ਸਭ ਦੀ ਜ਼ਿੰਮੇਵਾਰੀ ਹੁੰਦੀ ਹੈ। ਜਿਹੜਾ ਜ਼ੀਰੋ ਆਵਰ ਹੁੰਦਾ ਹੈ ਉਸ ਵਿੱਚ ਇੱਕ ਇਸ਼ੂ ਹੀ ਉਠਾਉਣਾ ਹੁੰਦਾ ਹੈ। ਪੂਰੀ ਤਿਆਰੀ ਨਾਲ ਗਾਗਰ ਵਿੱਚ ਸਾਗਰ ਭਰੋ। ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਪੌਣੇ ਤਿੰਨ ਕਰੋੜ ਲੋਕ ਅਤੇ ਦੁਨੀਆ ਵਿੱਚ ਬੈਠੇ ਪੰਜਾਬੀ ਸਾਨੂੰ ਸਭ ਨੂੰ ਦੇਖ ਰਹੇ ਹਨ। ਆਪਣਾ ਕੰਡਕਟ ਮਿਸਾਲੀ ਹੋਣਾ ਚਾਹੀਦਾ ਹੈ। ਇਸ ਲਈ ਚੇਅਰ ਦੇ ਖਿਲਾਫ ਜੋ ਤੁਸੀਂ ਬੋਲਦੇ ਹੋ ਉਹ ਹਾਊਸ ਦੇ ਖਿਲਾਫ ਬੋਲਦੇ ਹੋ। ਇਹ ਹਾਊਸ ਦੀ ਤੌਹੀਨ ਹੈ। ਇਹ ਨਹੀਂ ਹੋਣੀ ਚਾਹੀਦੀ।

## II. ਧਿਆਨ ਦਿਵਾਊ ਨੋਟਿਸ

1. ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ ਵੱਲੋਂ ਮਾਲ ਮੰਤਰੀ ਦਾ ਧਿਆਨ ਮੁਆਵਜ਼ੇ ਲਈ ਕਿਸਾਨਾਂ ਦੀ ਮੰਗ ਵੱਲ ਦਿਵਾਇਆ ਕਿਉਂਕਿ ਬਾਰਿਸ਼ ਨੇ ਉਨ੍ਹਾਂ ਦੀਆਂ ਝੋਨੇ ਦੀਆਂ ਫਸਲਾਂ ਨੂੰ ਨੁਕਸਾਨ ਪਹੁੰਚਾਇਆ ਹੈ। (ਨੰ:1)

   ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਅਤੇ ਮਾਲ, ਮੁੜ ਵਸੇਵਾ ਅਤੇ ਕੁਦਰਤੀ ਆਫ਼ਤਾਂ ਪ੍ਰਬੰਧਨ ਮੰਤਰੀ ਨੇ ਜਵਾਬ ਦਿੱਤਾ ।

2. ਸ਼੍ਰੀ ਬਰਿੰਦਰ ਕੁਮਾਰ ਗੋਇਲ, ਐਮ.ਐਲ.ਏ ਵੱਲੋਂ ਖੇਤੀਬਾੜੀ ਮੰਤਰੀ ਦਾ ਧਿਆਨ ਜਿਲ੍ਹਾ ਲਹਿਰਾਗਾਗਾ ਵਿੱਚ ਬਾਦਲਗੜ੍ਹ ਤੋਂ ਨਵਾਂ ਗਾਓ ਤੱਕ ਜਾਂਦੀ ਸੜਕ ਤੇ ਡਰੇਨ ਤੇ ਪੁਲ ਨਾ ਉਸਾਰਨ ਵੱਲ ਦਿਵਾਇਆ। (ਨੰ:7)

   ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਨੇ ਜਵਾਬ ਦਿੱਤਾ।

## III. ਮੇਜ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: II ਦੇ ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 11 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

## IV. ਵਿਧਾਨਕ ਕੰਮ-ਕਾਰ

### 1. ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ (ਰਿਪੀਲ) ਬਿਲ, 2022

ਮੁੱਖ ਮੰਤਰੀ ਨੇ ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ (ਰਿਪੀਲ) ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਮੁੱਖ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਸਟੇਟ ਵਿਜੀਲੈਂਸ ਕਮਿਸ਼ਨ (ਰਿਪੀਲ) ਬਿਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਮੁੱਖ ਮੰਤਰੀ ਬਿਲ ਪੇਸ਼ ਕਰਦੇ ਸਮੇਂ 01 ਮਿੰਟ ਲਈ ਬੋਲੇ।

**2. <u>ਪੰਜਾਬ ਪੇਂਡੂ ਸਾਂਝੀਆਂ ਜ਼ਮੀਨਾਂ (ਰੈਗੂਲੇਸ਼ਨ) ਸੋਧ ਬਿਲ, 2022</u>**

ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਨੇ ਪੰਜਾਬ ਪੇਂਡੂ ਸਾਂਝੀਆਂ ਜ਼ਮੀਨਾਂ (ਰੈਗੂਲੇਸ਼ਨ) ਸੋਧ ਬਿਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਪੇਂਡੂ ਸਾਂਝੀਆਂ ਜ਼ਮੀਨਾਂ (ਰੈਗੂਲੇਸ਼ਨ) ਸੋਧ ਬਿਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

**3. <u>ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਐਮੈਂਡਮੈਂਟ) ਬਿੱਲ, 2022</u>**

ਵਿੱਤ ਮੰਤਰੀ ਨੇ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਐਮੈਂਡਮੈਂਟ) ਬਿੱਲ, 2022 ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2 ਤੋਂ 19 ਵਿੱਚ ਕੋਈ ਸੋਧ ਨਾ ਹੋਣ ਕਾਰਨ ਇੱਕਠੀਆਂ, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਵਿੱਤ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਐਮੈਂਡਮੈਂਟ) ਬਿੱਲ, 2022 ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਵਿੱਤ ਮੰਤਰੀ ਬਿਲ ਪੇਸ਼ ਕਰਦੇ ਸਮੇਂ 02 ਮਿੰਟ ਲਈ ਬੋਲੇ।

## V. ਮਾਨਯੋਗ ਸਪੀਕਰ ਵੱਲੋਂ ਵਿਰੋਧੀ ਧਿਰ (ਇੰਡੀਅਨ ਨੈਸ਼ਨਲ ਕਾਂਗਰਸ) ਨੂੰ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਤੇ ਬਹਿਸ ਲਈ ਅਪੀਲ

ਮਾਨਯੋਗ ਸਪੀਕਰ ਨੇ ਵਿਰੋਧੀ ਧਿਰ ਵੱਲੋਂ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਤੇ ਬਹਿਸ ਨਾ ਕੀਤੇ ਜਾਣ ਤੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਵੱਲੋਂ ਬਿਲਾਂ ਤੇ ਬਹਿਸ ਕੀਤੀ ਜਾਂਦੀ ਤਾਂ ਉਨ੍ਹਾਂ ਦੇ ਤਜ਼ਰਬੇ ਦਾ ਫਾਇਦਾ ਹੁੰਦਾ। ਲੋਕਾਂ ਦੀਆਂ ਸਮੱਸਿਆਵਾਂ ਤੇ ਬਹਿਸ ਨਾ ਕਰਨਾ ਲੋਕਾਂ ਨਾਲ ਧ੍ਰੋਹ ਹੈ ਅਤੇ ਪੰਜਾਬੀਆਂ ਨਾਲ ਵਿਸ਼ਵਾਸਘਾਤ ਹੈ। ਪੰਜਾਬ ਦੇ ਲੋਕਾਂ ਦੇ ਬਹੁਤ ਹੀ ਅਹਿਮ ਮੁੱਦੇ ਹਨ, ਜਿਨ੍ਹਾਂ ਤੇ ਸਦਨ ਅੰਦਰ ਬਹਿਸ ਹੋਣੀ ਚਾਹੀਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਸੋਮਵਾਰ ਹੋਣ ਵਾਲੀ ਬੈਠਕ ਵਿਚ ਮੈਂਬਰ ਤਿਆਰੀ ਕਰਕੇ ਆਉਣ।

ਇਸ ਉਪਰੰਤ ਸਦਨ ਸੋਮਵਾਰ, ਮਿਤੀ 03 ਅਕਤੂਬਰ, 2022 ਦੇ 02:00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।

ਸੁਰਿੰਦਰ ਪਾਲ,
ਸਕੱਤਰ।

ਚੰਡੀਗੜ੍ਹ।
30 ਸਤੰਬਰ, 2022

3/10/22

Principal Chief Reporter
Punjab Vidhan Sabha
Chandigrah